ਸੋਹੰ ਹਰਿ ਸੋਹੰ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਨੀਚ ਰੂਖ ਤੇ ਊਚ ਭਏ ਹੈਂ

ਲੇਖਕ : ਚਰਨਜੀਤ ਸਿੰਘ, ਕਮਲਜੀਤ

ਟਰੈਕਟ ਨੰਬਰ 1

ਪਹਿਲੀ ਵਾਰ : 2000, ਫਰਵਰੀ 1997

ਕੀਮਤ—ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ।

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ

ਪਿੰਡ ਤੇ ਡਾ: ਬਿਨਪਾਲਕੇ, ਜ਼ਿਲ੍ਹਾ ਜਲੰਧਰ-144 201.

# ਯੋਗ ਉਪਰਾਲਾ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਅਤੇ ਸਮਾਜ ਸੇਵਾ ਕਰਨ ਲਈ ਚੁੱਕਿਆ ਗਿਆ ਇਹ ਕਦਮ ਸ਼ਲਾਘਾਯੋਗ ਹੈ। ਇਸ ਤਰ੍ਹਾਂ ਦੇ ਉੱਦਮ ਕਰਨ ਦੀ ਲੋੜ ਅੱਜ ਦੇ ਸਮੇਂ ਵਿਚ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ।

ਅੱਜ ਦਲਿਤ ਵਰਗ ਧਰਮ ਦੇ ਨਾਂ ਹੇਠ ਵੰਡਿਆ ਜਾ ਰਿਹਾ ਹੈ। ਆਪਣੇ ਅਸਲੀ ਧਰਮ ਨੂੰ ਛੱਡ ਕੇ ਹੋਰ ਹੋਰ ਧਰਮਾਂ ਵਿਚ ਅਸੀਂ ਵਿਲੀਨ ਹੋਈ ਜਾ ਰਹੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਦੀ ਗੁਰਬਾਣੀ ਨੂੰ ਛੱਡ ਕੇ ਅਸੀਂ ਕੱਚੀ ਬਾਣੀ ਰਚਣ ਵਾਲੇ ਅਖੌਤੀ ਗੁਰੂਆਂ ਦੇ ਮਗਰ ਲੱਗ ਰਹੇ ਹਾਂ।

ਰੂਹਾਨੀਅਤ ਦੇ ਸੰਵਿਧਾਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਤੋਂ ਅਸੀਂ ਦੂਰ ਹੁੰਦੇ ਜਾ ਰਹੇ ਹਾਂ। ਆਓ! ਇਸ ਟ੍ਰੈਕਟ ਨੂੰ ਪੜ੍ਹ ਕੇ ਅਸੀਂ ਕੋਈ ਅਗਵਾਈ ਲਈਏ ਅਤੇ ਆਪਣਾ ਆਪਾ ਪਛਾਣੀਏ।

ਇਸ ਯੋਗ ਉਪਰਾਲੇ ਨੂੰ ਹੁੰਗਾਰਾ ਦੇਈਏ ਅਤੇ ਇਕ ਲੜੀ ਵਿਚ ਪਰੋਤੇ ਜਾਈਏ।

—ਰਛਪਾਲ ਸਿੰਘ ਬੱਧਣ
ਸੰਪਾਦਕ ਸਪਤਾਹਿਕ ਬੇਗਮਪੁਰਾ ਪਰਿਵਾਰ।
N. B. 180 ਪ੍ਰੀਤ ਨਗਰ, ਸੋਢਲ ਰੋਡ,
ਜਲੰਧਰ-144001.

ੴ ਸਤਿਗੁਰ ਪ੍ਰਸਾਦਿ॥

*ਰਾਗ ਆਸਾ ਬਾਣੀ ਰਵਿਦਾਸ ਜੀਉ ਕੀ॥*
*ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ॥*
*ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ॥ ੧॥*
*ਮਾਧਉ, ਸਤ ਸੰਗਤਿ ਸਰਨਿ ਤੁਮ੍ਹਾਰੀ॥*
*ਹਮ ਅਉਗਨ ਤੁਮ ਉਪਕਾਰੀ॥ ੧॥ ਰਹਾਉ॥*
*ਤੁਮ ਮਖਤੂਲ ਸੁਪੇਦ ਸਪੀਅਲ, ਹਮ ਬਪੁਰੇ ਜਸ ਕੀਰਾ॥*
*ਸਤ ਸੰਗਤਿ ਮਿਲਿ ਰਹੀਐ ਮਾਧਉ,*
*ਜੈਸੇ ਮਧੁਪ ਮਖੀਰਾ॥ ੧॥*
*ਜਾਤੀ ਓਛਾ, ਪਾਤੀ ਓਛਾ, ਓਛਾ ਜਨਮ ਹਮਾਰਾ॥*
*ਰਾਜਾ ਰਾਮ ਕੀ ਸੇਵ ਨ ਕੀਨੀ,*
*ਕਹਿ ਰਵਿਦਾਸ ਚਮਾਰਾ॥ ੩॥ ੩॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੮੬)

ਇਸ ਪਾਵਨ ਸ਼ਬਦ ਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਮਾਤਮਾ ਦੀ ਉਪਮਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਤੂੰ ਚੰਦਨ ਦਾ ਰੁੱਖ ਹੈਂ ਅਤੇ ਮੈਂ ਮਾਮੂਲੀ ਅਰਿੰਡ ਦਾ ਬੂਟਾ ਹਾਂ। ਪਰ ਆਪ ਜੀ ਦੀ ਮਿਹਰ ਸਦਕਾ ਮੈਨੂੰ ਆਪ ਦੇ ਚਰਨਾਂ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੈ।

ਇਸ ਮਿਹਰ ਸਦਕਾ ਹੀ ਮੈਂ ਨੀਵੇਂ ਰੁੱਖ ਤੋਂ ਉੱਚਾ ਰੁੱਖ ਬਣ ਗਿਆ ਹਾਂ। ਕਿਉਂਕਿ ਆਪ ਜੀ ਦੀ ਮਿੱਠੀ ਸੁਗੰਧ ਮੇਰੇ ਹਿਰਦੇ ਵਿਚ ਵਸ ਗਈ ਹੈ॥ ੧॥

ਹੇ ਮਾਧੋ! ਮੈਂ ਤੇਰੀ ਸਾਧ ਸੰਗਤ ਦੀ ਸ਼ਰਨ ਵਿਚ ਹੈਂ। ਮੈਂ ਔਗੁਣਾਂ ਨਾਲ ਭਰਿਆ ਹੋਇਆ ਹਾਂ, ਪਰ ਤੂੰ ਤਾਂ ਪਰਉਪਕਾਰ ਕਰਨ ਵਾਲਾ

ਹੈਂ॥ ੧॥ ਰਹਾਉ॥

ਹੇ ਪ੍ਰਭੂ ! ਤੂੰ ਚਿੱਟੀ ਪੀਲੀ (ਬਹੁਤ ਸੁੰਦਰ) ਰੇਸ਼ਮ ਹੈਂ ਪਰ ਮੈਂ ਉਸ ਵਿਚਾਰੇਂ ਕੀੜੇ ਵਾਂਗ ਹਾਂ ਜੋ ਰੇਸ਼ਮ ਨੂੰ ਛੱਡ ਕੇ ਬਾਹਰ ਨਿਕਲ ਜਾਂਦਾ ਹੈ।

ਹੇ ਮਾਧੋ ! ਆਪ ਬਖਸ਼ਿਸ਼ ਕਰੋ ਤਾਂ ਕਿ ਮੈਂ ਤੇਰੀ ਸਾਧ ਸੰਗਤ ਨਾਲ ਉਸੇ ਤਰ੍ਹਾਂ ਜੁੜਿਆ ਰਹਾਂ ਜਿਵੇਂ ਸ਼ਹਿਦ ਦੀਆਂ ਮੱਖੀਆਂ ਛੱਤੇ ਨਾਲ ਜੁੜੀਆਂ ਹੁੰਦੀਆਂ ਹਨ॥ ੨॥

ਰਵਿਦਾਸ ਚਮਿਆਰ ਆਖਦਾ ਹੈ ਕਿ ਹੇ ਪ੍ਰਭੂ ਲੋਕਾਂ ਦੀਆਂ ਨਜ਼ਰਾਂ ਵਿਚ ਮੇਰੀ ਜਾਤ ਨੀਵੀਂ ਹੈ, ਪੱਤ ਨੀਵੀਂ ਹੈ ਅਤੇ ਜਨਮ ਵੀ ਨੀਵਾਂ ਹੈ। ਹੇ ਮੇਰੇ ਮਾਲਕ ! ਮੇਰੀ ਜਾਤ, ਪਾਤ ਅਤੇ ਜਨਮ ਸੱਚਮੁੱਚ ਹੀ ਨੀਵੇਂ ਰਹਿ ਜਾਣਗੇ ਜੇਕਰ ਮੈਂ ਤੇਰੀ ਭਗਤੀ ਨਾ ਕੀਤੀ।

ਨੋਟ:—ਪ੍ਰੋ. ਸਾਹਿਬ ਸਿੰਘ ਜੀ ਦੇ ਅਨੁਸਾਰ ਇਸ ਸ਼ਬਦ ਵਿਚ ਵਰਤੇ ਲਫਜ਼ 'ਰਾਜਾ ਰਾਮ' ਤੋਂ ਇਹ ਅੰਦਾਜ਼ਾ ਲਾਉਣਾ ਗਲਤ ਹੈ ਕਿ ਰਵਿਦਾਸ ਜੀ ਸ੍ਰੀ ਰਾਮ ਅਵਤਾਰ ਦੇ ਪੁਜਾਰੀ ਸਨ। ਜਿਸ ਸਰਬ ਵਿਆਪਕ ਮਾਲਕ ਨੂੰ ਉਹ ਅਖੀਰਲੀ ਤੁਕ ਵਿਚ ਰਾਜਾ ਰਾਮ ਆਖਦੇ ਹਨ ਉਸੇ ਨੂੰ ਉਹ ਰਹਾਉ ਦੀ ਪੰਕਤੀ ਵਿਚ ਮਾਧਉ ਆਖਦੇ ਹਨ। ਜੇ ਅਵਤਾਰ ਪੂਜਾ ਦੀ ਤੰਗ-ਦਿਲੀ ਵੱਲ ਜਾਈਏ ਤਾਂ ਲਫਜ਼ ਮਾਧਉ ਕ੍ਰਿਸ਼ਨ ਜੀ ਦਾ ਨਾਮ ਹੈ। ਸ੍ਰੀ ਰਾਮ ਚੰਦਰ ਦਾ ਪੁਜਾਰੀ ਆਪਣੇ ਪੂਜਨ ਅਵਤਾਰ ਨੂੰ ਕ੍ਰਿਸ਼ਨ ਜੀ ਦੇ ਕਿਸੇ ਨਾਮ ਨਾਲ ਨਹੀਂ ਬੁਲਾ ਸਕਦਾ। ਰਵਿਦਾਸ ਗੁਰੂ ਜੀ ਦੀਆਂ ਨਜ਼ਰਾਂ ਵਿਚ ਰਾਮ ਅਤੇ ਮਾਧਉ ਉਸ ਪ੍ਰਭੂ ਦੇ ਹੀ ਨਾਮ ਹਨ, ਜੋ ਮਾਇਆ ਵਿਚ ਵਿਆਪਕ (ਰਾਮ) ਹੈ ਅਤੇ ਮਾਇਆ ਦਾ ਖਸਮ (ਮਾਧਉ) ਹੈ।

## ਕੀ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ?

ਪੁਰਾਤਨ ਅਤੇ ਵਰਤਮਾਨ ਕੁਝ ਲਿਖਾਰੀਆਂ ਨੇ ਗੁਰੂ ਰਵਿਦਾਸ

ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਨੂੰ ਲਿਖਿਆ ਹੈ। ਇਸ ਦੇ ਦੋ ਕਾਰਨ ਹਨ। ਉਹ ਇਹ ਕਿ ਜਾਂ ਤਾਂ ਇਹ ਲੇਖਕ ਗੁਰੂ ਜੀ ਨੂੰ ਵਿਸ਼ਨੂੰ ਭਗਤੀ ਦੇ ਉਪਾਸ਼ਕ, ਵੇਦਾਂ 'ਤੇ ਵਿਸ਼ਵਾਸ ਕਰਨ ਵਾਲੇ ਅਤੇ ਬ੍ਰਾਹਮਣ ਵਾਦੀ ਸਿੱਧ ਕਰਨਾ ਚਾਹੁੰਦੇ ਹਨ ਜਾਂ ਫਿਰ ਗੁਰੂ ਜੀ ਨੂੰ ਅਖੌਤੀ ਨੀਵੀਂ ਜਾਤ ਦੇ ਸਮਝ ਕੇ ਗੁਰੂ ਨਾ ਮੰਨਣ ਤੇ ਕਹਿਣ ਕਰਕੇ ਭਗਤ ਕਹਿਣਾ ਚਾਹੁੰਦੇ ਹਨ ਕਿਉਂਕਿ ਜੇਕਰ ਉਹ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਿੱਧ ਨਹੀਂ ਕਰਦੇ ਤਾਂ ਸਵਾਮੀ ਜੀ ਤੋਂ ਬਿਨਾਂ ਗੁਰੂ ਸਾਹਿਬ ਦਾ ਕੋਈ ਹੋਰ ਦੇਹਧਾਰੀ ਗੁਰੂ ਸਿੱਧ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਫਿਰ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਸਿੱਧ ਹੁੰਦੇ ਹਨ। ਜੇਕਰ ਪਾਰਬ੍ਰਹਮ ਸਿੱਧ ਹੁੰਦੇ ਹਨ ਤਾਂ ਲੇਖਕ ਨੂੰ ਗੁਰੂ ਸਾਹਿਬ ਨੂੰ ਗੁਰੂ ਕਹਿਣਾ ਪੈਂਦਾ ਹੈ ਨਾ ਕਿ ਭਗਤ।

ਸੋ ਅੱਜ ਦੇ ਵਿਦਵਾਨ ਗੁਰੂ ਰਵਿਦਾਸ ਜੀ ਨੂੰ ਬ੍ਰਾਹਮਣਵਾਦੀ ਜਾਂ ਭਗਤ ਕਹਿਣ ਲਈ ਮੱਲੋਜੋਰੀ ਉਨ੍ਹਾਂ ਨੂੰ ਸਵਾਮੀ ਜੀ ਦੇ ਸ਼ਿਸ਼ ਬਣਾਈ ਜਾਂਦੇ ਹਨ। ਗੁਰੂ ਸਾਹਿਬ ਸਬੰਧੀ ਪੁਰਾਣੀਆਂ ਜਨਮ ਸਾਖੀਆਂ ਵਿਚ ਜ਼ਿਆਦਾਤਰ ਇਹ ਹੀ ਘਟਨਾ ਪੜ੍ਹਨ ਨੂੰ ਮਿਲਦੀ ਹੈ :

ਇਕ ਬ੍ਰਹਮਚਾਰੀ ਰਾਮਾਨੰਦ ਦਾ ਸ਼ਿਸ਼ ਸੀ।

ਇਕ ਦਿਨ ਉਹ ਕਿਸੇ ਬਾਣੀਏ ਪਾਸੋਂ ਭਿਖਿਆ ਮੰਗ ਕੇ ਲਿਆਇਆ। ਜਦੋਂ ਸਵਾਮੀ ਜੀ ਨੂੰ ਭੋਜਨ ਤਿਆਰ ਕਰਕੇ ਛਕਾਇਆ ਤਾਂ ਰਾਤ ਨੂੰ ਉਨ੍ਹਾਂ ਦੀ ਬਿਰਤੀ ਭਗਵਾਨ ਦੇ ਚਰਨਾਂ ਵਿਚ ਨਾ ਲੱਗੀ। ਉਨ੍ਹਾਂ ਬ੍ਰਹਮਚਾਰੀ ਨੂੰ ਬੁਲਾ ਕੇ ਪੁੱਛਿਆ ਕਿ ਤੂੰ ਭਿਖਿਆ ਕਿਥੋਂ ਲਿਆਇਆ ਹੈਂ ਤਾਂ ਬ੍ਰਹਮਚਾਰੀ ਨੇ ਸਾਰੀ ਗੱਲ ਦੱਸੀ। ਰਾਮਾਨੰਦ ਜੀ ਦੀ ਆਗਿਆ ਨਾਲ ਬਾਣੀਏ ਤੋਂ ਪੜਤਾਲ ਕੀਤੀ ਤਾਂ ਬਾਣੀਏ ਨੇ ਕਿਹਾ ਕਿ ਮੇਰਾ ਸੇਠ ਚਮਾਰ ਹੈ, ਮੈਂ ਉਸ ਕੋਲੋਂ ਪੈਸਾ ਲੈ ਕੇ ਵਰਤਦਾ ਹਾਂ। ਚਮਾਰ ਦੇ ਪੈਸੇ ਦਾ ਅੰਨ ਖਿਲਾਉਣ ਦੇ ਦੋਸ਼ ਵਿਚ ਸਵਾਮੀ ਜੀ ਨੇ ਬ੍ਰਹਮਚਾਰੀ ਨੂੰ ਸਰਾਪ ਦਿੱਤਾ ਕਿ ਤੂੰ ਨੀਚ ਦੇ ਘਰ ਜਨਮ ਧਾਰਨ

ਕਰੇ। ਇਸ ਕਰਕੇ ਰਵਿਦਾਸ ਜੀ ਦਾ ਜਨਮ ਚਮਾਰ ਦੇ ਘਰ ਹੋਇਆ। ਜਨਮ ਤੋਂ ਬਾਅਦ ਰਵਿਦਾਸ ਜੀ ਆਪਣੀ ਮਾਂ ਦਾ ਦੁੱਧ ਨਹੀਂ ਚੁੰਘਦੇ ਸਨ, ਇਸ ਕਰਕੇ ਕਿ ਚਮਾਰ ਦੀ ਭੀਖਿਆ ਲਿਆਉਣ 'ਤੇ ਮੇਰਾ ਜਨਮ ਨੀਚਾਂ ਦੇ ਹੋਇਆ ਹੈ। ਜੇਕਰ ਮੈਂ ਨੀਚ ਮਾਂ ਦਾ ਦੁੱਧ ਚੁੰਘਿਆ ਤਾਂ ਅਗਲੇ ਜਨਮ ਵਿਚ ਖੌਰੇ ਮੇਰੇ ਨਾਲ ਕੀ ਬੀਤੇਗੀ। ਫਿਰ ਜਦੋਂ ਰਾਮਾਨੰਦ ਜੀ ਨੇ ਗੁਰੂ ਜੀ ਨੂੰ ਚਰਨਾਂ ਦਾ ਅੰਮ੍ਰਿਤ ਪਿਲਾਇਆ ਤਾਂ ਜਾ ਕੇ ਗੁਰੂ ਜੀ ਦੁੱਧ ਚੁੰਘਣ ਲੱਗੇ।

ਇਹ ਸਾਰੀ ਘਟਨਾ ਅਰਥ-ਹੀਣ, ਖੋਖਲੀ, ਹਾਸੋਹੀਣੀ ਤੇ ਗੁਰਮਤਿ ਵਿਚਾਰਧਾਰਾ ਦੇ ਉਲਟ ਹੈ ਅਤੇ ਗੁਰੂ ਜੀ ਨੂੰ ਬ੍ਰਾਹਮਣ ਸਿੱਧ ਕਰਨ ਦੇ ਵਾਸਤੇ ਘੜੀ ਗਈ ਹੈ। ਇਸ ਤੋਂ ਕੁਝ ਸਵਾਲ ਉਤਪੰਨ ਹੁੰਦੇ ਹਨ :—

1. ਕੀ ਸ਼ੂਦਰ ਦੇ ਅੰਨ ਜਾਂ ਪੈਸੇ ਵਿਚ ਕੋਈ ਖਾਸ ਗੈਬੀ ਸ਼ਕਤੀ ਸੀ ਜਿਸ ਨਾਲ ਰਾਮਾਨੰਦ ਜੀ ਦੀ ਬਿਰਤੀ ਨਾ ਲੱਗੀ?

2. ਕਿਸੇ ਪ੍ਰਾਣੀ ਦਾ ਜਨਮ ਅਤੇ ਮੌਤ ਪ੍ਰਮਾਤਮਾ ਦੇ ਅਟਲ ਨਿਯਮਾਂ ਅਨੁਸਾਰ ਹੁੰਦੀ ਹੈ, ਕੀ ਪ੍ਰਭੂ ਨੂੰ ਪ੍ਰੇਮ ਕਰਨ ਵਾਲਾ ਪ੍ਰਭੂ ਦੇ ਇਸ ਕੰਮ ਵਿਚ ਆਪਣਾ ਅਜਿਹਾ ਅਰਥਹੀਣ ਦਖਲ ਦੇ ਸਕਦਾ ਹੈ?

3. ਕੀ ਰੱਬ ਵੀ ਜਾਤ-ਪਾਤ ਨੂੰ ਮੰਨਦਾ ਹੈ ਜਿਸ ਕਰਕੇ ਸਰਾਪ ਨਾਲ ਬ੍ਰਹਮਚਾਰੀ ਦੀ ਮੌਤ ਹੋਈ ਅਤੇ ਉਸ ਨੇ ਰਵਿਦਾਸ ਬਣ ਕੇ ਚਮਾਰ ਦੇ ਘਰ ਜਨਮ ਲਿਆ?

4. ਅਗਰ ਇਹ ਘਟਨਾ ਸੱਚੀ ਹੁੰਦੀ ਤਾਂ ਜਿੱਥੇ ਗੁਰੂ ਜੀ ਨੇ ਆਪਣੀ ਬਾਣੀ ਵਿਚ ਆਪਣੀ ਜਾਤ, ਕੰਮ ਅਤੇ ਸਥਾਨ ਦਾ ਵਰਨਣ ਕੀਤਾ ਹੈ ਉਥੇ ਇਸ ਅਹਿਮ ਘਟਨਾ ਦਾ ਵੀ ਜ਼ਰੂਰ ਹਵਾਲਾ ਦਿੰਦੇ।

ਸੱਚ ਤਾਂ ਇਹ ਹੈ ਕਿ ਪੁਰਾਤਨ ਵਿਦਵਾਨਾਂ ਨੇ ਇਹ ਸਭ ਆਪਣੇ ਕੋਲੋਂ ਬਣਾ ਕੇ ਲਿਖਿਆ ਹੈ ਤਾਂ ਕਿ ਸਵਾਮੀ ਰਾਮਾਨੰਦ ਜੀ ਦੀ ਜੈ

ਜੈਕਾਰ ਹੋਵੇ। ਗੁਰੂ ਰਵਿਦਾਸ ਜੀ ਵਰਗੇ ਜਗਤ ਗੁਰੂ, ਦੁਖੀਆਂ ਦੇ ਰਹਿਬਰ ਦੀ ਪ੍ਰਭੂ ਪ੍ਰਾਪਤੀ ਦੇ ਪਿੱਛੇ ਕਿਸੇ ਵੈਸ਼ਨਵ ਦਾ ਹੱਥ ਹੋਵੇ। ਤਾਂ ਕਿ ਸ਼ੂਦਰ ਇਸ ਨੂੰ ਦੇਵਤਿਆਂ ਦੀ ਬਖਸ਼ਿਸ਼ ਸਮਝਣ।

ਅੱਜ ਦੇ ਲਿਖਾਰੀਆਂ ਨੇ ਵੀ ਪੁਰਾਤਨ ਲਿਖਾਰੀਆਂ ਦਾ ਲੜ ਫੜ ਕੇ ਸੋਚੀ ਸਮਝੀ ਵਿਉਂਤ ਬਣਾ ਕੇ ਗੁਰੂ ਰਵਿਦਾਸ ਜੀ ਨੂੰ ਸਵਾਮੀ ਰਾਮਾਨੰਦ ਜੀ ਦੇ ਸ਼ਿਸ਼ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਪਿਛਲੇ ਜਨਮ ਦੀਆਂ ਸਾਖੀਆਂ ਦਾ ਸਹਾਰਾ ਨਾ ਲੈਂਦਿਆਂ ਗੁਰੂ ਜੀ ਦੀ ਲਿਖੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਗੁਰੂ ਜੀ ਦੀ ਬਾਣੀ ਵਿਚੋਂ ਕੁਝ ਸ਼ਬਦ ਕੱਢ ਕੇ ਉਨ੍ਹਾਂ ਦੀ ਥਾਂ ਆਪਣੇ ਕੋਲੋਂ ਪਾ ਕੇ ਗੁਰੂ ਸਾਹਿਬ ਨੂੰ ਰਾਮਾਨੰਦ ਜੀ ਦੇ ਸ਼ਿਸ਼ ਬਣਾਇਆ ਹੈ। ਅਜਿਹੀਆਂ ਕੋਝੀਆਂ ਹਰਕਤਾਂ ਸਿਰਫ ਇਸ ਕਰਕੇ ਹੀ ਹੁੰਦੀਆਂ ਹਨ ਕਿਉਂਕਿ ਸਾਡੀ ਕੌਮ ਦਾ ਗੁਰੂ ਜੀ ਦੇ ਇਤਿਹਾਸ ਅਤੇ ਵਿਚਾਰਧਾਰਾ ਵੱਲ ਕੋਈ ਧਿਆਨ ਨਹੀਂ ਹੈ। ਸਾਡਾ ਤਾਂ ਇਹ ਹਾਲ ਹੈ ਕਿ ਭਾਈ ਆਪਣਾ ਕੰਮ-ਕਾਰ ਕਰੋ ਤੇ ਖਾਵੋ ਪੀਵੋ। ਕੌਮ ਨਾਲ ਜੋ ਮਰਜ਼ੀ ਹੋ ਰਿਹਾ ਹੋਵੇ ਸਾਡੀ ਇਸ ਵਿਚ ਕੋਈ ਦਿਲਚਸਪੀ ਨਹੀਂ ਹੈ। ਇਸ ਕਰਕੇ ਹੀ ਕੌਮ ਦੇ ਵਿਰੋਧੀਆਂ ਨੂੰ ਅਜਿਹਾ ਕਰਨ ਦਾ ਮੌਕਾ ਮਿਲਿਆ ਹੈ।

ਸਾਡੀ ਕੌਮ (ਅਸੀਂ) ਪ੍ਰੋਫੈਸਰ ਲਾਲ ਸਿੰਘ ਜੀ ਦੀ ਅਤੀ ਧੰਨਵਾਦੀ ਹੈ ਜਿਨ੍ਹਾਂ ਨੇ ਇਕ ਅਦੁੱਤੀ ਕਿਤਾਬ "ਸ੍ਰੀ ਗੁਰੂ ਰਵਿਦਾਸ ਜੀ, ਉਨ੍ਹਾਂ ਦਾ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ" ਲਿਖ ਕੇ ਗੁਰੂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਪਾਏ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਅੱਜ ਦੇ ਵਿਦਵਾਨਾਂ ਦੁਆਰਾ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਗੁਰੂ ਸਬੰਧੀ ਲਿਖੇ ਗਲਤ ਵਿਚਾਰਾਂ ਦਾ ਖੰਡਨ ਕੀਤਾ ਹੈ। ਉਪਰੋਕਤ ਪੁਸਤਕ ਦੇ ਅਨੁਸਾਰ ਇਕ ਸੂਝਵਾਨ ਲੇਖਕ ਡਾ. ਬੀ. ਪੀ. ਸ਼ਰਮਾ

ਨੇ ਗੁਰੂ ਸਾਹਿਬ ਦੀ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਮਿਲਾਵਟ ਕਰਕੇ ਇਕ ਪੁਸਤਕ 'ਸੰਤ ਗੁਰੂ ਰਵਿਦਾਸ ਬਾਣੀ' ਦੀ ਰਚਨਾ ਕੀਤੀ ਅਤੇ ਰਾਮਾਨੰਦ ਜੀ ਨੂੰ ਗੁਰੂ ਸਾਹਿਬ ਦੇ ਗੁਰੂ ਸਿੱਧ ਕੀਤਾ। ਡਾ. ਧਰਮਪਾਲ ਸਿੰਗਲ ਜੋ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਗੁਰੂ ਰਵਿਦਾਸ ਚੇਅਰ ਦਾ ਮੁਖੀ ਸੀ, ਨੇ ਉਪਰੋਕਤ ਮਿਲਾਵਟ ਵਾਲੀ ਬਾਣੀ ਦਾ ਹਵਾਲਾ ਦੇ ਕੇ ਇਕ ਕਿਤਾਬ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਸੰਪਾਦਿਤ ਕੀਤੀ। ਜਿਸ ਵਿਚ ਸਵਾਮੀ ਜੀ ਨੂੰ ਹੀ ਗੁਰੂ ਸਾਹਿਬ ਦੇ ਗੁਰੂ ਸਿੱਧ ਕੀਤਾ ਅਤੇ ਇਸੇ ਪੁਸਤਕ ਨੂੰ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਤੋਂ ਮਾਨਤਾ ਮਿਲ ਗਈ। ਇਸ ਤਰ੍ਹਾਂ ਗੁਰੂ ਰਵਿਦਾਸ ਦੀ ਬਾਣੀ 'ਤੇ Ph. D. ਕਰਨ ਵਾਲਿਆਂ ਨੇ (ਜਿਨ੍ਹਾਂ ਦੇ ਨਿਗਰਾਨ ਡਾ. ਧਰਮਪਾਲ ਸਿੰਗਲ ਸਨ) ਉਪਰੋਕਤ ਪੁਸਤਕਾਂ ਦਾ ਹਵਾਲਾ ਦੇ ਕੇ ਰਾਮਾਨੰਦ ਜੀ ਨੂੰ ਹੀ ਗੁਰੂ ਸਾਹਿਬ ਦੇ ਗੁਰੂ ਮੰਨਿਆ ਹੈ।

ਮਿਲਾਵਟ ਵਾਲੀ ਬਾਣੀ ਇਸ ਤਰ੍ਹਾਂ ਹੈ :

ਠੀਕ ਸ਼ਬਦ (ਸ੍ਰੀ ਗੁਰੂ ਰਵਿਦਾਸ, ਉਨ੍ਹਾਂ ਦਾ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ, ਸਫਾ 51 ਤੋਂ 54 ਤੱਕ)

1. ਸੰਸਾਰ ਪ੍ਰਪੰਚ ਹੋਵਨਾ ਕੁਝ ਪਰਮਾਨੰਦਾ॥
2. ਦੋਈ ਘੋੜਾ ਜਡਿ ਕਉ ਨ ਪਹੁਤੇ ਸਤਿਗੁਰ ਕਰੇ ਪੁਕਾਰਾ।
3. ਦਾਸ ਰੈਦਾਸ ਨਹੁਕਾਲ ਵਯਾਕੁਲ ਭਯੋ॥
   ਤ੍ਰਾਹਿ ਤ੍ਰਾਹਿ ਅਵਰ ਅਲੰਬਨ ਨਹੀ ਮੋਰੋ॥

## ਮਿਲਾਵਟ ਕੀਤੇ ਸ਼ਬਦ

1. ਸੰਸਾਰ ਪ੍ਰਪੰਚ ਹੋ ਵਯਾ ਕੁਝ ਰਾਮਾਨੰਦਾ॥
2. ਦੋਈ ਘੋੜਾ ਢਡਿ ਕਉ ਨ ਪਦ ਤੇ
   ਸਤਿਗੁਰ ਰਾਮਾ ਕਹਿ ਪੁਕਾਰੀ॥

3. ਦਾਸ ਰਵਿਦਾਸ ਨਹੁ ਕਾਲ ਵਯਾਕੁਲ ਭਯੋ
ਤ੍ਰਾਹਿ ਤ੍ਰਾਹਿ ਗੁਰੂ ਰਾਮਾ ਅਲੰਬਨ ਮੋਰੋ॥

ਸੋ ਅੱਜ ਦੇ ਵਿਦਵਾਨ ਆਪਣੀ ਮਨਮਰਜ਼ੀ ਨਾਲ ਹੀ ਰਾਮਾਨੰਦ ਜੀ ਨੂੰ ਗੁਰੂ ਰਵਿਦਾਸ ਜੀ ਦੇ ਗੁਰੂ ਬਣਾਈ ਜਾਂਦੇ ਹਨ। ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਵੀ ਕਿਸੇ ਥਾਂ ਵੀ ਗੁਰੂ ਸਾਹਿਬ ਦੇ ਗੁਰੂ ਸਵਾਮੀ ਰਾਮਾਨੰਦ ਜੀ ਦਾ ਜ਼ਿਕਰ ਨਹੀਂ ਆਉਂਦਾ। ਅਗਰ ਸਵਾਮੀ ਜੀ ਗੁਰੂ ਹੁੰਦੇ ਤਾਂ ਗੁਰੂ ਸਾਹਿਬ ਨੇ ਜ਼ਰੂਰ ਹੀ ਉਨ੍ਹਾਂ ਦਾ ਨਾਮ ਆਪਣੀ ਬਾਣੀ ਵਿਚ ਅੰਕਿਤ ਕਰਨਾ ਸੀ। ਸਤਿਗੁਰੂ ਕਬੀਰ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕਰਦਿਆਂ ਕਿਤੇ ਵੀ ਅਜਿਹਾ ਨਹੀਂ ਲਿਖਿਆ ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਰਾਮਾਨੰਦ ਜੀ ਗੁਰੂ ਜੀ ਦੇ ਗੁਰੂ ਸਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਰਾਮਾਨੰਦ ਜੀ ਰਵਿਦਾਸ ਜੀ ਦੇ ਗੁਰੂ ਨਹੀਂ ਸਨ ਤਾਂ ਫਿਰ ਉਨ੍ਹਾਂ ਦੇ ਗੁਰੂ ਕੌਣ ਸਨ? ਗੁਰੂ ਰਵਿਦਾਸ ਜੀ ਦੇ ਗੁਰੂ ਪਾਰਬ੍ਰਹਮ ਸਨ ਭਾਵ ਉਹ ਗੁਰੂ ਜਿਹੜਾ ਕੁਲ ਦੁਨੀਆਂ ਦਾ ਗੁਰੂ ਹੈ, ਜੋ ਸ੍ਰਿਸ਼ਟੀ ਦਾ ਕਰਤਾ-ਧਰਤਾ ਹੈ, ਜੋ ਇਸ ਦੇ ਕਣ-ਕਣ ਵਿਚ ਵੱਸ ਰਿਹਾ ਹੈ। ਕਿਉਂਕਿ ਗੁਰੂ ਸਾਹਿਬ ਨੇ ਪਾਰਬ੍ਰਹਮ (ਪ੍ਰਮਾਤਮਾ) ਨੂੰ ਆਪਣੀ ਬਾਣੀ ਵਿਚ ਅਨੇਕਾਂ ਨਾਵਾਂ ਨਾਲ ਯਾਦ ਕੀਤਾ ਹੈ ਜਿਵੇਂ-ਮਾਧਉ, ਮਾਧਵ, ਨਰਾਇਣ, ਸਤਿਨਾਮ, ਸੁਆਮੀ, ਨਾਥ, ਰਘੂਨਾਥ, ਰਾਜਾਰਾਮ, ਹਰਿ, ਨਾਇਕਾ ਆਦਿ।

ਗੁਰੂ ਜੀ ਦੀ ਬਾਣੀ ਤੋਂ ਅਜਿਹਾ ਹਵਾਲਾ ਮਿਲਦਾ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਸਨ :-

1. ਤੁਮ ਕਹੀਅਤ ਹੋ ਜਗਤ ਗੁਰ ਸੁਆਮੀ
ਹਮ ਕਹੀਅਤ ਕਲਿਜੁਗ ਕੇ ਕਾਮੀ॥

2. ਹਰਿ, ਹਰਿ, ਹਰਿ, ਹਰਿ, ਹਰਿ, ਹਰਿ, ਹਰੇ,
ਹਰਿ ਸਿਮਰਤ ਜਨ ਗਏ ਨਿਸਤਰ ਤਰੇ॥

3. ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ॥

4. ਕਹੁ ਰਵਿਦਾਸ ਸਭੈ ਨਹੀ ਸਮਝਸਿ,
ਭੂਲਿ ਪਰੇ ਜੈਸੇ ਬਉਰੇ॥
ਮੋਹਿ ਅਧਾਰੁ ਨਾਮੁ ਨਰਾਇਨ,
ਜੀਵਨ ਪ੍ਰਾਨ ਧਨ ਮੋਰੇ॥

ਕਿਉਂਕਿ ਗੁਰਬਾਣੀ ਦੇ ਫੁਰਮਾਨ ਅਨੁਸਾਰ ਅਜਿਹਾ ਜਿੰਨਾ ਵੀ ਜ਼ਿਕਰ ਹੈ ਕੇਵਲ ਪਾਰਬ੍ਰਹਮ ਦੀ ਹੀ ਉਪਮਾ ਹੈ, ਕਿਸੇ ਦੇਹਧਾਰੀ ਜਾਂ ਦੇਵੀ ਦੇਵਤੇ ਦੀ ਨਹੀਂ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰੂ ਪਾਰਬ੍ਰਹਮ ਹੀ ਸਨ।

## ਸਾਡੀ ਜਾਤ

ਹਿੰਦੂ ਮਤ ਦੀ ਚਲਾਈ ਭੈੜੀ ਰੀਤ ਵਰਣ ਵੰਡ ਨੇ ਸਾਰੇ ਹੀ ਭਾਰਤ ਨੂੰ ਜਿੱਥੇ ਧਾਰਮਿਕ ਖੇਤਰ ਵਿਚ ਕਮਜ਼ੋਰ ਕੀਤਾ ਹੈ ਉਥੇ ਆਰਥਿਕ ਅਤੇ ਸਮਾਜਿਕ ਖੇਤਰਾਂ ਵਿਚ ਵੀ ਭਾਰਤ ਵਾਸੀਆਂ ਨੂੰ ਇਕ-ਦੂਜੇ ਦੇ ਵੈਰੀ ਬਣਾਇਆ ਹੈ। ਜਦੋਂ ਵੀ ਕੋਈ ਮਨੁੱਖ ਕਿਸੇ ਨਾ-ਵਾਕਿਫ ਨੂੰ ਮਿਲਦਾ ਹੈ ਤਾਂ ਉਸ ਦੇ ਮਨ ਵਿਚ ਇਹ ਜ਼ਰੂਰ ਆ ਜਾਂਦਾ ਹੈ ਕਿ ਇਹ ਕਿਹੜੀ ਜਾਤ ਦਾ ਹੋਵੇਗਾ। ਕਈ ਵਾਰ ਤਾਂ ਉਸ ਤੋਂ ਪੁੱਛ ਹੀ ਲਿਆ ਜਾਂਦਾ ਹੈ। ਭਾਵ ਬ੍ਰਾਹਮਣਵਾਦ ਨੇ ਮਨੁੱਖ ਨੂੰ ਇਨਸਾਨ ਬਣਾਉਣ ਦੀ ਬਜਾਏ ਉੱਚਾ ਨੀਵਾਂ ਮਨੁੱਖ ਬਣਾ ਦਿੱਤਾ ਹੈ।

ਜਿੰਨਾ ਜ਼ਿਆਦਾ ਗੁਰੂ ਰਵਿਦਾਸ ਜੀ ਨੇ ਆਪਣੀ ਜਾਤ (ਚਮਾਰ) ਨੂੰ ਦੁਨੀਆਂ ਸਾਹਮਣੇ ਲਿਆਂਦਾ ਹੈ ਉਸ ਤੋਂ ਉਲਟ ਕਿਤੇ ਜ਼ਿਆਦਾ ਅਸੀਂ ਆਪਣੀ ਜਾਤ ਨੂੰ ਲੁਕਾਂਉਣ ਦਾ ਯਤਨ ਕੀਤਾ ਹੈ ਜਿਸ

ਦੀਆਂ ਉਦਾਹਰਣਾਂ ਸਾਨੂੰ ਸਮਾਜ ਵਿਚੋਂ ਹਮੇਸ਼ਾ ਮਿਲਦੀਆਂ ਰਹਿੰਦੀਆਂ ਹਨ। ਸਾਡੀ ਕੌਮ ਦੇ ਲੋਕ ਜੋ ਭਾਰਤ ਦੇ ਵੱਡੇ ਸ਼ਹਿਰਾਂ ਵਿਚ ਰਹਿੰਦੇ ਹਨ ਆਪਣੇ ਗੁਆਂਢੀਆਂ, ਦੋਸਤਾਂ, ਮਿੱਤਰਾਂ ਨੂੰ ਇਹ ਨਹੀਂ ਪਤਾ ਲੱਗਣ ਦਿੰਦੇ ਕਿ ਅਸੀਂ ਅਖੌਤੀ ਚਮਾਰ ਜਾਤ ਦੇ ਹਾਂ। ਇਸੇ ਕਰਕੇ ਇਹ ਲੋਕ ਆਪਣੇ ਦੋਸਤਾਂ, ਗੁਆਂਢੀਆਂ ਨਾਲ ਗੁਰੂ ਸਾਹਿਬ ਦੀ ਮਹਿਮਾ ਬਾਰੇ ਕੋਈ ਗੱਲਬਾਤ ਨਹੀਂ ਕਰਦੇ। ਗੁਰੂ ਜੀ ਦੇ ਜਨਮ ਦਿਨ 'ਤੇ ਆਪਣੇ ਗੁਆਂਢੀਆਂ ਵਿਚ ਖੁਸ਼ੀ ਦਾ ਇਜ਼ਹਾਰ ਨਹੀਂ ਕਰਦੇ ਅਤੇ ਨਾ ਹੀ ਗੁਰੂ ਸਾਹਿਬ ਦਾ ਸੰਦੇਸ਼ ਉਨ੍ਹਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਨੂੰ ਕਿਤੇ ਇਹ ਪਤਾ ਨਾ ਚੱਲ ਜਾਵੇ ਕਿ ਅਸੀਂ ਅਖੌਤੀ ਚਮਾਰ ਜਾਤ ਦੇ ਹਾਂ। ਇਸੇ ਗੱਲ ਦੇ ਡਰ ਨਾਲ ਉਹ ਗੁਰੂ ਰਵਿਦਾਸ ਸੰਸਥਾਵਾਂ ਦੀ ਵੀ ਕੋਈ ਮਦਦ ਨਹੀਂ ਕਰ ਸਕਦੇ।

ਸਾਨੂੰ ਚਾਹੀਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਜਨਮ ਦਿਨ 'ਤੇ ਦੀਵਾਲੀ ਦੇ ਤਿਉਹਾਰ ਦੀ ਤਰ੍ਹਾਂ ਖੁਸ਼ੀ ਮਨਾਈ ਜਾਵੇ। ਆਪਣੇ ਗੁਆਂਢੀਆਂ ਵਿਚ ਮਠਿਆਈ ਵੰਡੀ ਜਾਵੇ। ਦੀਪਮਾਲਾ ਕੀਤੀ ਜਾਵੇ, ਪਟਾਖੇ ਚਲਾਏ ਜਾਣ। ਗੁਰੂ ਜੀ ਦੀ ਬਾਣੀ ਦਾ ਕੀਰਤਨ ਕੀਤਾ ਜਾਵੇ ਅਤੇ ਗੁਰੂ ਸਾਹਿਬ ਦਾ ਸੰਦੇਸ਼ ਦੂਸਰੀ ਜਾਤ ਦੇ ਲੋਕਾਂ ਨੂੰ ਦੱਸਿਆ ਜਾਵੇ ਤਾਂ ਕਿ ਉਹ ਵੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਦੀ ਭਾਵਨਾ ਰੱਖਣ।

ਅੱਜ ਦੁਨੀਆਂ ਦੀਆਂ ਦੂਸਰੀਆਂ ਕੌਮਾਂ ਨੇ ਆਪਣੇ ਪੂਰਵਜਾਂ, ਯੋਧਿਆਂ ਦੀ ਯਾਦ ਵਿਚ ਇਤਨੀਆਂ ਆਲੀਸ਼ਾਨ ਇਮਾਰਤਾਂ ਬਣਾਈਆਂ ਹਨ ਕਿ ਜਿਨ੍ਹਾਂ ਦੀ ਗਿਣਤੀ ਕਰਨੀ ਵੀ ਮੁਸ਼ਕਿਲ ਹੈ। ਪਰ ਅਸੀਂ ਆਪਣੇ ਗੁਰੂ ਰਵਿਦਾਸ ਜੀ ਦੀ ਯਾਦ ਵਿਚ ਅਜਿਹੀਆਂ ਬਿਲਡਿੰਗਾਂ ਨਹੀਂ ਬਣਾ ਸਕੇ। ਇਸ ਦਾ ਕੀ ਕਾਰਨ ਹੈ? ਕੀ ਸਾਡੀ ਕੌਮ ਗਰੀਬ ਹੈ? ਕੀ ਸਾਨੂੰ ਆਪਣੇ ਗੁਰੂ ਜੀ ਦੀ ਯਾਦਗਾਰ ਬਣਾਉਣ ਦਾ ਅਧਿਕਾਰ ਨਹੀਂ ਹੈ? ਕੀ ਸਾਡੀ ਕੌਮ ਦੀ ਗਿਣਤੀ ਘੱਟ ਹੈ? ਕੀ

ਸਾਡੀ ਕੌਮ ਅਨਪੜ੍ਹ ਹੈ?

ਇਸ ਦਾ ਕਾਰਨ ਇਹੀ ਹੈ ਕਿ ਅਸੀਂ ਆਪਣੀ ਚਮਾਰ ਜਾਤ ਨੂੰ ਸ਼ੋ ਨਹੀਂ ਹੋਣ ਦੇਣਾ ਚਾਹੁੰਦੇ। ਇਸੇ ਕਰਕੇ ਅਸੀਂ ਆਪਣੇ ਗੁਰੂ ਨੂੰ ਛੱਡ ਕੇ ਅਖੌਤੀ ਪਾਖੰਡੀਆਂ ਅਤੇ ਦੂਜੀਆਂ ਉੱਚੀਆਂ ਕੌਮਾਂ ਦੇ ਲੋਕਾਂ ਦੇ ਪਿੱਛੇ ਲੱਗੇ ਹੋਏ ਹਾਂ।

ਅਸੀਂ ਆਪਣੇ ਛੋਟੇ ਬੱਚਿਆਂ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਬਾਰੇ ਕੁਝ ਨਹੀਂ ਦੱਸਦੇ ਕਿ ਕਿਤੇ ਦੂਜੇ ਬੱਚਿਆਂ ਵਿਚ ਜਾ ਕੇ ਦੱਸ ਨਾ ਦੇਣ। ਅਸੀਂ ਗੁਰੂ ਰਵਿਦਾਸ ਜੀ ਦਾ ਉਪਦੇਸ਼ ਕਦੇ ਸੁਣਿਆ ਨਹੀਂ ਪਰ ਬ੍ਰਾਹਮਣੀ ਕਰਮ ਕਾਂਡ, ਜਿਵੇਂ ਵਰਤ ਰੱਖਣਾ, ਜਠੇਰਿਆਂ ਦੀ ਪੂਜਾ, ਪੰਚਕ ਮੰਨਣਾ, ਮੱਥੇ ਟਿੱਕਾ ਲਗਾਉਣਾ, ਜਗਰਾਤਿਆਂ 'ਤੇ ਜਾਣਾ, ਦੇਵੀ ਦੇਵਤਿਆਂ ਦੇ ਤੀਰਥਾਂ 'ਤੇ ਜਾਣਾ ਛੱਡਿਆ ਨਹੀਂ ਹੈ।

ਸੋ ਸਾਨੂੰ ਇਸ ਜਾਤ-ਪਾਤ ਦੇ ਡਰ ਤੋਂ ਉਪਰ ਉੱਠ ਕੇ ਗੁਰੂ ਸਾਹਿਬ ਦੇ ਮਿਸ਼ਨ ਨੂੰ ਆਪ ਪੜ੍ਹਨਾ ਚਾਹੀਦਾ ਹੈ ਅਤੇ ਦੂਸਰੇ ਲੋਕਾਂ ਵਿਚ ਪ੍ਰਚਾਰ ਕਰਨਾ ਚਾਹੀਦਾ ਹੈ। ਜੇਕਰ ਅੱਜ ਸਾਨੂੰ ਧਾਰਮਿਕ, ਸਮਾਜਿਕ ਅਤੇ ਆਰਥਕ ਆਜ਼ਾਦੀ ਹੈ ਤਾਂ ਇਸ ਵਿਚ ਗੁਰੂ ਸਾਹਿਬ ਦੀ ਅਮੁੱਲ ਦੇਣ ਹੈ। ਅੱਜ ਜੋ ਸਾਨੂੰ ਪੜ੍ਹਨ, ਲਿਖਣ ਅਤੇ ਗੱਲ ਕਰਨ ਦਾ ਅਧਿਕਾਰ ਹੈ ਤਾਂ ਇਹ ਗੁਰੂ ਰਵਿਦਾਸ ਜੀ ਦੀ ਹੀ ਬਦੌਲਤ ਹੈ। ਨਹੀਂ ਤਾਂ ਉਹ ਵੀ ਸਮਾਂ ਸੀ ਜਦੋਂ ਉੱਚ ਜਾਤ ਦੇ ਲੋਕ ਸਾਡੇ ਨਾਲ ਛੂੰਹਦੇ ਵੀ ਨਹੀਂ ਸਨ। ਸਾਨੂੰ ਥੁੱਕਣ ਦੇ ਵਾਸਤੇ ਗਲ ਵਿਚ ਕੁੱਜਾ ਲਟਕਾਉਣਾ ਪੈਂਦਾ ਸੀ ਅਤੇ ਆਪਣੀ ਪਿੱਠ ਪਿੱਛੇ ਝਾੜੂ ਬੰਨ੍ਹ ਕੇ ਤੁਰਨਾ ਪੈਂਦਾ ਸੀ ਤਾਂ ਕਿ ਸਾਡੀ ਸ਼ੂਦਰ ਦੀ ਪੈੜ ਮਿਟਦੀ ਜਾਏ। ਵੇਦਾਂ ਪੁਰਾਨਾਂ ਨੂੰ ਪੜ੍ਹਨ ਦੀ ਮਨਾਹੀ ਸੀ। ਜੇਕਰ ਇਨ੍ਹਾਂ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਤਾਂ ਉਸ ਦੀ ਸਜ਼ਾ ਮੌਤ ਸੀ। ਅਜਿਹੀ ਨਰਕ ਰੂਪੀ ਗੁਲਾਮੀ ਵਿਚੋਂ ਸਾਨੂੰ ਗੁਰੂ ਰਵਿਦਾਸ ਜੀ ਨੇ ਹੀ ਕੱਢਿਆ ਸੀ ਜਿਸ ਨੂੰ ਅੱਜ ਅਸੀਂ ਭੁਲਾਈ ਜਾ ਰਹੇ ਹਾਂ।

ਜ਼ੇਕਰ ਸਾਨੂੰ ਕੋਈ ਚਮਾਰ ਜਾਂ ਰਵਿਦਾਸੀਆ ਆਖਦਾ ਹੈ, ਸਮਝਦਾ ਹੈ ਤਾਂ ਸਾਡੇ ਵਾਸਤੇ ਇਹ ਬੜੇ ਫਖਰ ਵਾਲੀ ਗੱਲ ਹੈ ਕਿਉਂਕਿ ਅਸੀਂ ਉਸ ਚਮਾਰ ਜਗਤ ਗੁਰੂ ਦੀ ਅੰਸ਼ ਹਾਂ ਜਿਸ ਨੇ ਹਿੰਦੂ ਮਤ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਇਕ ਨਵੀਂ ਵਿਸ਼ਵ ਵਿਆਪੀ ਵਿਚਾਰਧਾਰਾ ਦਾ ਸੰਗਠਨ ਕੀਤਾ। ਜਿਸ ਨੇ ਮਨੁੱਖਤਾ ਨੂੰ ਸਮਝਾਉਂਦੇ ਹੋਏ ਫਰਮਾਇਆ ਕਿ ਵੇਦਾਂ ਅਤੇ ਪੁਰਾਨਾਂ ਦੀਆਂ ਦਰਸਾਈਆਂ ਵਿਧੀਆਂ ਕੇਵਲ ਵਾਕ ਰਚਨਾ ਹੀ ਹਨ ਅਨੁਭਵੀ ਗਿਆਨ ਨਹੀਂ।

*ਨਾਨਾ ਖਿਆਨ ਪੁਰਾਨ ਵੇਦ ਬਿਧਿ*
*ਚਉਤੀਸ ਅੱਖਰ ਮਾਹੀ॥ ੧॥*

ਜਿਸ ਨੇ ਵੇਦਾਂ ਦੀ ਉਸ ਵਿਚਾਰਧਾਰਾ ਦਾ ਖੰਡਨ ਕੀਤਾ ਜਿਹੜੀ ਕਹਿੰਦੀ ਸੀ ਕਿ ਸ਼ੂਦਰ ਦਾ ਜਨਮ ਬ੍ਰਹਮਾਂ ਦੇ ਪੈਰਾਂ ਵਿਚੋਂ ਹੋਇਆ, ਇਸ ਕਰਕੇ ਸ਼ੂਦਰ ਨਾਲ ਛੂਹਣਾ ਨਹੀਂ ਚਾਹੀਦਾ ਅਤੇ ਸ਼ੂਦਰ ਰੱਬ ਦੀ ਭਗਤੀ ਨਹੀਂ ਕਰ ਸਕਦਾ।

*"ਬ੍ਰਹਮਣ, ਬੈਸ, ਸੂਦ ਅਰੁ ਖਤ੍ਰੀ*
*ਡੋਮ ਚੰਡਾਰ ਮਲੇਛ ਮਨ ਸੋਇ॥*
*ਹੋਇ ਪੁਨੀਤ ਭਗਵੰਤ ਭਜਨ ਤੇ,*
*ਆਪੁ ਤਾਰਿ ਤਾਰੇ ਕੁਲ ਦੋਇ॥ ੧॥*

ਸੋ ਆਉ ਇਸ ਜਾਤ ਪਾਤ ਦੇ ਵਹਿਮ ਨੂੰ ਤਿਆਗ ਕੇ ਗੁਰੂ ਰਵਿਦਾਸ ਜੀ ਦੇ ਚਰਨਾਂ ਨਾਲ ਜੁੜੀਏ ਅਤੇ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਰਵਿਦਾਸ ਜੀ ਦੇ ਮਿਸ਼ਨ ਦੇ ਰਸਤੇ ਤੋਰੀਏ।

## ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨ

ਸਿਆਣੇ ਆਖਦੇ ਹਨ ਕਿ ਅਗਰ ਕਿਸੇ ਕੌਮ ਨੂੰ ਤਬਾਹ ਕਰਨਾ

ਹੋਵੇ ਤਾਂ ਉਸਦੇ ਇਤਿਹਾਸ ਨੂੰ ਨਸ਼ਟ ਕਰ ਦਿਓ, ਕੌਮ ਆਪਣੇ ਆਪ ਤਬਾਹ ਹੋ ਜਾਵੇਗੀ। ਠੀਕ ਇਸੇ ਤਰ੍ਹਾਂ ਸਾਡੇ ਕੋਲ ਗੁਰੂ ਰਵਿਦਾਸ ਜੀ ਦਾ ਇਤਿਹਾਸ ਘੱਟ ਹੋਣ ਕਰਕੇ ਸਾਡੀ ਕੌਮ ਖੇਰੂੰ ਖੇਰੂੰ ਹੋ ਰਹੀ ਹੈ।

ਅਸੀਂ ਕਿਸੇ ਮੇਲੇ ਤੇ ਜਾਂ ਕਿਸੇ ਦੇਵੀ ਦੇਵਤਿਆਂ ਦੇ ਤੀਰਥਾਂ 'ਤੇ ਤਾਂ ਬੜੀ ਸ਼ਰਧਾ ਨਾਲ ਜਾਂਦੇ ਹਾਂ ਭਾਵੇਂ ਉਹ ਜਿਤਨੀ ਮਰਜ਼ੀ ਦੂਰ ਹੋਵੇ, ਭਾਵੇਂ ਜੰਗਲਾਂ ਪਹਾੜਾਂ ਦਾ ਰਸਤਾ ਹੋਵੇ ਪਰ ਆਪਣੇ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨ 'ਤੇ ਜਾਣ ਦਾ ਸੋਚਦੇ ਵੀ ਨਹੀਂ ਹਾਂ। ਸਾਡੀ ਕੌਮ ਦੇ ਉਤਨੇ ਲੋਕ ਗੁਰੂ ਜੀ ਦੇ ਜਨਮ ਅਸਥਾਨ ਬਨਾਰਸ ਵਿਖੇ ਨਹੀਂ ਗਏ ਹੋਣਗੇ ਜਿਤਨੇ ਦੇਵੀ ਦੇਵਤਿਆਂ ਦੇ ਨਿੱਤ ਤੁਰੇ ਰਹਿੰਦੇ ਹਨ। ਸਾਡੇ ਪੰਜਾਬ ਵਿਚ ਗੁਰੂ ਸਾਹਿਬ ਦਾ ਇਤਿਹਾਸਕ ਅਸਥਾਨ ਖੁਰਾਲਗੜ੍ਹ ਸਾਹਿਬ ਹੈ ਉਥੇ ਵੀ ਅਸੀਂ ਨਹੀਂ ਜਾਂਦੇ ਹਾਂ।

ਗੁਰੂ ਰਵਿਦਾਸ ਜੀ ਨੇ ਪ੍ਰਭੂ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਨੇਕਾਂ ਯਾਤਰਾਵਾਂ ਕੀਤੀਆਂ ਅਤੇ ਭੁੱਲੀ ਭਟਕੀ ਵਹਿਮਾਂ-ਭਰਮਾਂ ਵਿਚ ਫਸੀ ਲੋਕਾਈ ਨੂੰ ਇਕ ਪ੍ਰਭੂ ਪ੍ਰਮਾਤਮਾ ਦੇ ਚਰਨਾਂ ਨਾਲ ਜੁੜਨ ਦੀ ਮੱਤ ਦਿੱਤੀ। ਇਸ ਤਰ੍ਹਾਂ ਗੁਰੂ ਜੀ ਦੇ ਪੰਜਾਬ ਜਾਂ ਯੂ.ਪੀ. ਵਿਚ ਹੀ ਨਹੀਂ ਸਗੋਂ ਰਾਜਸਥਾਨ, ਗੁਜਰਾਤ, ਹਿਮਾਚਲ ਤੇ ਮਹਾਂਰਾਸ਼ਟਰ ਆਦਿ ਵਿਚ ਵੀ ਸ਼ਰਧਾਲੂ ਸਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਸਾਰੇ ਭਾਰਤ ਵਿਚ ਹੀ ਧਾਰਮਿਕ ਇਤਿਹਾਸਕ ਅਸਥਾਨ ਹਨ।

ਸ੍ਰੀ ਕਾਂਸ਼ੀ ਨਾਥ ਉਪਾਧਿਆਏ ਜੀ ਦੀ ਪੁਸਤਕ "ਗੁਰੂ ਰਵਿਦਾਸ" ਦੇ ਅਨੁਸਾਰ ਗੁਰੂ ਸਾਹਿਬ ਦੀਆਂ ਹੇਠ ਲਿਖੀਆਂ ਇਤਿਹਾਸਕ ਯਾਦਗਾਰਾਂ ਹਨ—

1. ਕਾਂਸ਼ੀ ਵਿਖੇ ਬਣਿਆ ਇਕ ਸਰੋਵਰ।

2. ਹੈਦਰਾਬਾਦ ਵਿਖੇ ਐਲੋਰਾ ਵਿਚ ਰਵਿਦਾਸ ਕੁੰਡ।

3. ਕਾਠੀਆਵਾੜ ਦੇ ਜੂਨਾਗੜ ਸ਼ਹਿਰ ਵਿਚ ਰਵਿਦਾਸ ਕੁੰਡ।

4. ਚਿਤੌੜ ਵਿਖੇ ਗੁਰੂ ਜੀ ਦੀ ਯਾਦ ਵਿਚ—

ਗੁਰੂ ਜੀ ਦੇ ਪੈਰ ਤੇ ਗੁਰੂ ਜੀ ਦੀ ਛਤਰੀ।

5. ਦੱਖਣ ਵਿਚ ਬਾਲਾ ਜੀ ਪਹਾੜੀ ਦੀ ਉਤਰਾਈ ਵਿਚ ਤ੍ਰਿਰੁਪਤੀ ਮੰਦਰ ਨੇੜੇ, ਗੁਰੂ ਰਵਿਦਾਸ ਜੀ ਦਾ ਇਕ ਸਮਾਰਕ।

ਸਾਨੂੰ ਚਾਹੀਦਾ ਹੈ ਕਿ ਇਹਨਾਂ ਅਸਥਾਨਾਂ ਦਾ ਪੂਰਾ ਪਤਾ ਲਗਾਇਆ ਜਾਵੇ, ਇਨ੍ਹਾਂ ਦਾ ਵਿਕਾਸ ਕੀਤਾ ਜਾਵੇ ਅਤੇ ਸੰਗਤਾਂ ਨੂੰ ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਾਉਣ ਦਾ ਉਪਰਾਲਾ ਕੀਤਾ ਜਾਵੇ। ਕੌਮ ਦੀਆਂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਇਕੱਠੇ ਹੋ ਕੇ ਇਹ ਮਤਾ ਪਾਸ ਕੀਤਾ ਜਾਵੇ ਕਿ ਦੋ ਜਾਂ ਤਿੰਨ ਸੰਸਥਾਵਾਂ ਰਲ ਕੇ ਇਨ੍ਹਾਂ ਇਕ ਇਕ ਅਸਥਾਨਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਲੈਣ। ਇਨ੍ਹਾਂ ਅਸਥਾਨਾਂ 'ਤੇ ਆਲੀਸ਼ਾਨ ਇਮਾਰਤਾਂ ਬਣਾਈਆਂ ਜਾਣ, ਸੰਗਤਾਂ ਨੂੰ ਦਰਸ਼ਨ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾਵੇ। ਇਨ੍ਹਾਂ ਅਸਥਾਨਾਂ ਦੀ ਸਹੀ ਮਹੱਤਤਾ ਅਤੇ ਪਿਛੋਕੜ ਬਾਰੇ ਲਿਟਰੇਚਰ ਛਾਪ ਕੇ ਫਰੀ ਵੰਡਿਆ ਜਾਵੇ। ਅਗਰ ਹੋ ਸਕੇ ਤਾਂ ਇਨ੍ਹਾਂ ਅਸਥਾਨਾਂ 'ਤੇ ਦੁਨੀਆਂ ਦਾ ਇਕ ਅਜੂਬਾ ਬਣਾਇਆ ਜਾਵੇ ਜਿਸ ਨੂੰ ਦੂਸਰੇ ਦੇਸ਼ਾਂ ਤੋਂ ਵੀ ਲੋਕ ਦੇਖਣ ਆਉਣ। ਅਜਿਹੇ ਮਹਾਨ ਕੰਮ ਬਹੁਤ ਸੌਖੇ ਹੀ ਹੋ ਸਕਦੇ ਹਨ ਸਿਰਫ ਸਾਡੇ ਮਨ ਵਿਚ ਗੁਰੂ ਸਾਹਿਬ ਪ੍ਰਤੀ ਸ਼ਰਧਾ ਤੇ ਪ੍ਰੇਮ ਹੋਣਾ ਚਾਹੀਦਾ ਹੈ। ਸ਼ਰਧਾ ਅਤੇ ਪ੍ਰੇਮ ਨਾਲ ਹੀ ਸਾਡੇ ਉੱਤੇ ਗੁਰੂ ਜੀ ਦੀ ਬਖਸ਼ਿਸ਼ ਹੋ ਸਕਦੀ ਹੈ। ਆਉ ! ਅੱਜ ਤੋਂ ਹੀ ਅਸੀਂ ਇਹ ਕੰਮ ਆਰੰਭ ਕਰੀਏ। ਕੱਲ੍ਹ ਨੂੰ ਕਿਤੇ ਦੇਰ ਨਾ ਹੋ ਜਾਵੇ।

## ਹਮੇਸ਼ਾ ਯਾਦ ਰੱਖੋ

1. ਗੁਰੂ ਰਵਿਦਾਸ ਜੀ ਦੇ ਗੁਰੂ ਪਾਰਬ੍ਰਹਮ ਸਨ ਨਾ ਕਿ ਸਵਾਮੀ ਰਾਮਾਨੰਦ।
2. ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਮੂਰਤੀ ਪੂਜਾ ਦੀ ਵਿਰੋਧੀ ਹੈ।
3. ਗੁਰੂ ਜੀ ਨੇ ਵੇਦਾਂ ਦਾ ਖੰਡਨ ਕੀਤਾ ਹੈ।
4. ਗੁਰੂ ਜੀ ਦਾ ਜਨਮ ਸੀਰ ਗੋਵਰਧਨ ਪੁਰ, ਕਾਂਸ਼ੀ ਵਿਖੇ ਹੋਇਆ।

ਇਸ ਕਮੇਟੀ ਦਾ ਇਹ ਮਿਸ਼ਨ ਹੈ ਕਿ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਵੱਧ ਤੋਂ ਵੱਧ ਲਿਟਰੇਚਰ ਛਾਪ ਕੇ ਫਰੀ ਘਰ ਘਰ ਪਹੁੰਚਾਇਆ ਜਾਵੇ। ਇਸ ਵਾਸਤੇ ਅਗਰ ਤੁਸੀਂ ਸਾਡੀ ਕੋਈ ਸਹਾਇਤਾ ਕਰਨੀ ਚਾਹੁੰਦੇ ਹੋ ਤਾਂ ਇਸ ਪਤੇ 'ਤੇ ਮਿਲੋ ਜਾਂ ਲਿਖੋ—

**ਕਮਲਜੀਤ**

**(ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ)**

**ਪਿੰਡ+ਡਾ. ਬਿਨਪਾਲਕੇ, ਜ਼ਿਲ੍ਹਾ ਜਲੰਧਰ-144201.**

### ਪਿਆਰੀ ਸਾਧ ਸੰਗਤ ਜੀ,

ਨੋਟ—ਜੇ ਇਹ ਟ੍ਰੈਕਟ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਵੰਡਣਾ ਚਾਹੁੰਦੇ ਹੋ ਤਾਂ ਇਹ ਲਾਗਤ ਮੁੱਲ ਤੋਂ ਅੱਧੀ ਕੀਮਤ ਉੱਤੇ (50 ਰੁਪਏ ਸੈਂਕੜਾ) ਸਾਡੇ ਪਾਸੋਂ ਮਿਲ ਸਕਦੇ ਹਨ। ਇਸ ਬਾਰੇ ਉਪਰੋਕਤ ਪਤੇ ਉੱਤੇ ਪਹਿਲੋਂ ਚਿੱਠੀ ਪੱਤਰ ਕਰੋ ਜਾਂ ਮਨੀਆਰਡਰ ਭੇਜੋ।

Laser Graphics : Surjit Computers, 5, Manjit Nagar, Basti Sheikh, Jal. Ph. 203346

Printed at : Cento Printers, Jalandhar.